Translate below sentences into Punjabi.

| | |
|---|---|
| A blue bird is sad. | |
| It cannot find a nest. | |
| It needs help. | |
| It must find a nest. | |
| A bug can help. | |
| It can run. | |
| It can look. | |
| It can find a nest. | |
| The blue bird is not sad now. | |
| This bird will be happy . | |

Read below Essay and write in 4-5 paragraphs in your own words (DO NOT COPY)

## 5. ਚਰਨਜੀਤ ਦਾ ਪਰਿਵਾਰ

ਚਰਨਜੀਤ ਇੱਕ ਕੁੜੀ ਹੈ। ਉਸ ਦਾ ਇੱਕ ਭਰਾ ਹੈ। ਉਸ ਦਾ ਨਾਂ ਰਾਬਿੰਦਰ ਹੈ। ਉਸ ਦੀ ਇੱਕ ਭੈਣ ਹੈ। ਉਸ ਦਾ ਨਾਂ ਹਰਦੀਪ ਹੈ।

ਰਾਬਿੰਦਰ ਅਤੇ ਹਰਦੀਪ ਚਰਨਜੀਤ ਨਾਲੋਂ ਵੱਡੇ ਹਨ। ਰਾਬਿੰਦਰ, ਹਰਦੀਪ ਅਤੇ ਚਰਨਜੀਤ ਸਟੋਕ ਜੂਨੀਅਰ ਸਕੂਲ ਵਿੱਚ ਪੜ੍ਹਦੇ ਹਨ।

ਚਰਨਜੀਤ ਦੇ ਮਾਤਾ ਜੀ ਦਾ ਨਾਂ ਸੁਰਿੰਦਰ ਕੌਰ ਹੈ। ਉਸ ਦੇ ਪਿਤਾ ਜੀ ਦਾ ਨਾਂ ਮਨਮੋਹਨ ਸਿੰਘ ਹੈ। ਉਸ ਦੇ ਮਾਤਾ ਤੇ ਪਿਤਾ ਜੀ ਇੱਕ ਫ਼ੈਕਟਰੀ ਵਿੱਚ ਕੰਮ ਕਰਦੇ ਹਨ। ਉਹ ਚਰਨਜੀਤ ਨਾਲ ਬਹੁਤ ਪਿਆਰ ਕਰਦੇ ਹਨ। ਚਰਨਜੀਤ ਵੀ ਆਪਣੇ ਮਾਤਾ ਪਿਤਾ ਨਾਲ ਬਹੁਤ ਪਿਆਰ ਕਰਦੀ ਹੈ।

ਚਰਨਜੀਤ ਦੇ ਦਾਦੀ ਜੀ ਉਹਨਾਂ ਦੇ ਨਾਲ ਰਹਿੰਦੇ ਹਨ। ਚਰਨਜੀਤ ਦੇ ਦਾਦੀ ਜੀ ਸਾਰੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਹਨ। ਉਸ ਦੇ ਦਾਦਾ ਜੀ ਦੀ ਪਿਛਲੇ ਸਾਲ ਮੌਤ ਹੋ ਗਈ ਸੀ।

ਚਰਨਜੀਤ ਦੇ ਦੋ ਚਾਚੇ, ਦੋ ਚਾਚੀਆਂ, ਦੋ ਤਾਏ, ਦੋ ਤਾਈਆਂ ਅਤੇ ਇੱਕ ਭੂਆ ਹੈ। ਉਸ ਦਾ ਇੱਕ ਚਾਚਾ, ਇੱਕ ਚਾਚੀ, ਇੱਕ ਤਾਇਆ, ਇੱਕ ਤਾਈ ਅਤੇ ਉਹਨਾਂ ਦੇ ਬੱਚੇ ਪੰਜਾਬ ਵਿੱਚ ਰਹਿੰਦੇ ਹਨ। ਉਸ ਦੇ ਭੂਆ ਜੀ ਅਤੇ ਫੁੱਫੜ ਜੀ ਵੀ ਪੰਜਾਬ ਵਿੱਚ ਹੀ ਰਹਿੰਦੇ ਹਨ।

Read page 24, 25 and 26

Read below Sakhi we will have a quiz on this.

## 2. ਬਾਬਾ ਜੀ ਦਾ ਪ੍ਰਕਾਸ਼ ਉਤਸਵ

ਦੀਵਾਲੀ ਲੰਘੀ ਤਾਂ ਸਾਰੇ ਕਹਿਣ ਲੱਗੇ, "ਬਸ, ਪੰਦਰਾਂ ਦਿਨਾਂ ਨੂੰ ਗੁਰਪੁਰਬ ਹੈ, ਬਾਬਾ ਜੀ ਦਾ ਪ੍ਰਕਾਸ਼ ਉਤਸਵ। ਉਸ ਦਿਨ ਵੀ ਅਸੀਂ ਰੌਸ਼ਨੀ ਕਰਾਂਗੇ। ਫੁੱਲਝੜੀਆਂ ਵੀ ਚਲਾਵਾਂਗੇ।"

ਅਨਮੋਲ ਨੇ ਮਾਤਾ ਜੀ ਨੂੰ ਪੁੱਛਿਆ, "ਮਾਤਾ ਜੀ, ਗੁਰਪੁਰਬ ਕੀ ਹੁੰਦਾ ਹੈ ? ਪ੍ਰਕਾਸ਼ ਉਤਸਵ ਕਿਸ ਨੂੰ ਕਹਿੰਦੇ ਹਨ ? ਬਾਬਾ ਜੀ ਕੌਣ ਹਨ ?"

ਮਾਤਾ ਜੀ ਮੁਸਕਰਾ ਪਏ। ਫਿਰ ਬੋਲੇ, "ਤੂੰ ਤਾਂ ਸਵਾਲਾਂ ਦੀ ਝੜੀ ਲਗਾ ਦਿੱਤੀ ਹੈ। ਚੰਗਾ ਸੁਣ :



"ਸਿੱਖਾਂ ਲਈ ਕਿਸੇ ਗੁਰੂ ਜੀ ਦਾ ਜਨਮ ਦਿਵਸ ਗੁਰਪੁਰਬ ਹੁੰਦਾ ਹੈ। ਪੰਜਵੇਂ ਅਤੇ ਨੌਵੇਂ ਗੁਰੂ ਜੀ ਦੇ ਸ਼ਹੀਦੀ ਦਿਹਾੜੇ ਵੀ ਗੁਰਪੁਰਬ ਹਨ। ਜੋਤੀ ਜੋਤਿ ਸਮਾਉਣ ਦੇ ਦਿਨ ਵੀ ਇਵੇਂ ਹੀ ਹਨ।

ਸਾਰੇ ਗੁਰੂ ਜੀ ਸਾਡੇ ਲਈ ਚਾਨਣ ਬਣ ਕੇ ਆਏ। ਚਾਨਣ ਹਨੇਰੇ ਨੂੰ ਦੂਰ ਭਜਾਉਂਦਾ ਹੈ। ਇਸ ਲਈ ਕਿਸੇ ਵੀ ਗੁਰੂ ਜੀ ਦਾ ਇਸ ਧਰਤੀ 'ਤੇ ਆਉਣਾ ਪ੍ਰਕਾਸ਼ ਦਾ ਆਉਣਾ ਹੈ। ਉਤਸਵ ਤਿਉਹਾਰ ਹੁੰਦਾ ਹੈ। ਗੁਰੂਆਂ ਦੇ ਜਨਮ-ਦਿਨ ਸਾਡੇ ਲਈ ਤਿਉਹਾਰ ਹੀ ਹਨ, ਪ੍ਰਕਾਸ਼ ਉਤਸਵ ਹਨ।"

ਦੋਵੇਂ ਬੱਚਿਆਂ ਨੂੰ ਆਪਣੇ ਹੋਰ ਨੇੜੇ ਕਰਕੇ ਮਾਤਾ ਜੀ ਫਿਰ ਬੋਲੇ :

"ਅਸੀਂ ਪਹਿਲੇ ਗੁਰੂ ਜੀ ਨੂੰ ਆਦਰ ਵਜੋਂ ਬਾਬਾ ਨਾਨਕ ਵੀ ਕਹਿੰਦੇ ਹਾਂ। ਹੁਣ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ 'ਬਾਬਾ ਜੀ' ਕਹਿੰਦੇ ਹਾਂ। ਕਈ ਘਰਾਂ ਵਿਚ ਬਾਬਾ ਜੀ ਲਈ ਵੱਖਰਾ ਕਮਰਾ ਹੁੰਦਾ ਹੈ। ਉੱਥੇ ਹਰ ਸਵੇਰ ਬਾਬਾ ਜੀ ਦਾ ਪ੍ਰਕਾਸ਼ ਹੁੰਦਾ ਹੈ।"

### ਅਭਿਆਸ

**1. ਖ਼ਾਲੀ ਥਾਵਾਂ ਭਰੋ :**

(ੳ) ਸ੍ਰੀ ਗੁਰੂ ਨਾਨਕ ਦੇਵ ਜੀ ਦਾ .................... ਦੀਵਾਲੀ ਤੋਂ ਪਿੱਛੋਂ ਆਉਂਦਾ ਹੈ।

(ਅ) ਕਿਸੇ ਗੁਰੂ ਜੀ ਦਾ ਜਨਮ-ਦਿਵਸ .................... ਹੁੰਦਾ ਹੈ।

(ੲ) ਜੋਤੀ .................... ਸਮਾਉਣ ਦਾ ਦਿਨ ਵੀ ਗੁਰਪੁਰਬ ਹੁੰਦਾ ਹੈ।

(ਸ) ਹੁਣ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ .................... ਕਹਿੰਦੇ ਹਾਂ।

(ਹ) ਹਰ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ .................... ਹੁੰਦਾ ਹੈ।

**2. ਸੋਹਣਾ ਕਰਕੇ ਲਿਖੋ :**

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਹੀਦੀ ਦਿਹਾੜਾ।

**3. ਠੀਕ ਵਾਕ ਦੇ ਸਾਹਮਣੇ ✔ ਦਾ ਨਿਸ਼ਾਨ ਲਗਾਓ ਅਤੇ ਗ਼ਲਤ ਦੇ ਸਾਹਮਣੇ ✘ ਲਗਾਓ :**

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਦੁਆਰੇ ਵਿਚ ਪ੍ਰਕਾਸ਼ ਕੀਤਾ ਜਾਂਦਾ ਹੈ। ☐

(ਅ) ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਾਂ। ☐

# Virsa homework

1. History questions 51-100
2. Read Sakhi ਸੁਲਤਾਨਪੁਰ ਦਾ ਮੋਦੀ ਖ਼ਾਨਾ and write a summary in your own words.
3. Read Sakhi ਕਿਰਤ ਦੀ ਕਮਾਈ... and complete page 101.
4. Read Japji Sahib Ji as your assigned Paudi .

# ਸੁਲਤਾਨਪੁਰ ਦਾ ਮੋਦੀ ਖ਼ਾਨਾ

ਗੁਰੂ ਨਾਨਕ ਦੇਵ ਜੀ ਨੂੰ ਸੱਚੇ ਸੌਦੇ ਲਈ ਦਿੱਤੇ ਪੈਸੇ, ਸਾਧਾਂ ਉੱਪਰ ਖ਼ਰਚ ਦੇਣ ਪਿੱਛੋਂ ਉਨ੍ਹਾਂ ਦੇ ਪਿਤਾ ਨੇ ਦੇਖ ਲਿਆ ਸੀ ਕਿ ਗੁਰੂ ਜੀ ਸੌਦਾਗਰੀ ਨਹੀਂ ਕਰ ਸਕਦੇ। ਉਨ੍ਹਾਂ ਨੇ ਆਪਣੇ ਹਾਕਮ, ਰਾਏ ਬੁਲਾਰ ਪਾਸੋਂ ਗੁਰੂ ਜੀ ਲਈ ਕੰਮ ਬਾਰੇ ਸਲਾਹ ਲਈ। ਉਸਨੇ ਕਿਹਾ, "ਮਹਿਤਾ ਜੀ, ਆਪਣੇ ਪੁੱਤਰ ਨੂੰ ਤੁਸੀਂ ਸੁਲਤਾਨਪੁਰ ਉਸਦੀ ਭੈਣ ਨਾਨਕੀ ਪਾਸ ਭੇਜ ਦੇਵੋ। ਸੁਲਤਾਨਪੁਰ ਵਿਚ ਭੈਣ ਨਾਨਕੀ ਦਾ ਪਤੀ, ਜੈ ਰਾਮ, ਨਵਾਬ ਦੌਲਤ ਖ਼ਾਨ ਦੀ ਜਾਗੀਰ ਦੀ ਦੇਖ-ਭਾਲ ਕਰਨ ਦਾ ਵਜ਼ੀਰ ਹੈ। ਭਾਈ ਜੈ ਰਾਮ ਇਸ ਨੂੰ ਨਵਾਬ ਦੌਲਤ ਖ਼ਾਨ ਪਾਸ ਕਿਸੇ ਚੰਗੀ ਨੌਕਰੀ ਉੱਪਰ ਰਖਵਾ ਦੇਵੇਗਾ।"

ਮਹਿਤਾ ਕਾਲੂ ਨੇ ਆਪਣੇ ਹਾਕਮ ਦੀ ਸਲਾਹ ਉਪ੍ਰੰਤ, ਗੁਰੂ ਜੀ ਨੂੰ ਸੁਲਤਾਨਪੁਰ ਭੈਣ ਨਾਨਕੀ ਪਾਸ ਭੇਜ ਦਿੱਤਾ। ਭਾਈ ਜੈ ਰਾਮ ਨੇ ਗੁਰੂ ਜੀ ਦੀ ਜਾਣ-ਪਛਾਣ ਆਪਣੇ ਨਵਾਬ ਨਾਲ ਕਰਵਾਈ। ਹਾਕਮ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਹਿਸਾਬ ਕਿਤਾਬ ਅਤੇ ਫ਼ਾਰਸੀ ਪੜ੍ਹੇ ਹੋਏ ਸਨ ਤਾਂ ਉਸ ਨੇ ਗੁਰੂ ਜੀ ਨੂੰ ਸੁਲਤਾਨਪੁਰ ਦੇ ਮੋਦੀ ਖ਼ਾਨੇ ਵਿਚ ਮੋਦੀ ਦੀ ਨੌਕਰੀ ਉੱਪਰ ਰਖ ਲਿਆ। ਮੋਦੀ ਖ਼ਾਨਾ ਇੱਕ ਬਹੁਤ ਵੱਡਾ ਰਾਸ਼ਨ ਦਾ ਸਟੋਰ ਸੀ, ਜਿਸ ਵਿਚ ਹਾਕਮ ਦੀ ਜ਼ਮੀਨ ਵਿਚ ਖੇਤੀ ਕਰਨ ਵਾਲੇ ਕਿਸਾਨ, ਟੈਕਸ ਵਜੋਂ, ਜ਼ਮੀਨ ਵਿਚ ਪੈਦਾ ਕੀਤੀ ਫ਼ਸਲ ਦਾ ਕੁਝ ਹਿੱਸਾ ਮੋਦੀ ਖ਼ਾਨੇ ਵਿਚ ਜਮ੍ਹਾ ਕਰਵਾਉਂਦੇ ਸਨ। ਮੋਦੀ ਉਸ ਇਕੱਠੀ ਹੋਈ ਜਿਨਸ ਨੂੰ ਫ਼ੌਜ ਦੇ ਲੰਗਰ ਨੂੰ ਭੇਜਦਾ ਸੀ। ਜਿਹੜੀ ਫਾਲਤੂ ਹੋਵੇ ਉਸ ਨੂੰ ਵੇਚ ਕੇ ਪੈਸੇ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਂਦਾ ਸੀ। ਇਸ ਲਈ ਮੋਦੀ ਦਾ ਕੰਮ ਕਾਫ਼ੀ ਜ਼ਿੰਮੇਵਾਰੀ ਦਾ ਸੀ। ਮੋਦੀ ਨੂੰ ਹਰ ਮਹੀਨੇ ਦੀ ਵਿਕਰੀ ਦਾ ਕੁਝ ਹਿੱਸਾ ਮਿਲਦਾ ਸੀ।

ਗੁਰੂ ਜੀ ਨੇ ਮੋਦੀ ਦਾ ਕੰਮ ਸੰਭਾਲਣ ਪਿੱਛੋਂ ਭਾਈ ਮਰਦਾਨੇ ਨੂੰ ਆਪਣੇ ਪਾਸ ਬੁਲਾ ਲਿਆ। ਉਨ੍ਹਾਂ ਦੋਹਾਂ ਦਾ ਹਰ ਰੋਜ਼ ਦਾ ਨੇਮ ਬਣ ਗਿਆ ਸੀ ਕਿ ਸਵੇਰੇ ਉਠ ਕੇ ਵੇਈਂ ਨਦੀ ਵਿਚ ਇਸ਼ਨਾਨ ਕਰਨਾ, ਸੱਚੇ ਮਾਲਕ ਦੀ ਉਸਤਤ ਕਰਨੀ ਅਤੇ ਫਿਰ ਮੋਦੀ ਖ਼ਾਨੇ ਆ ਜਾਣਾ। ਗੁਰੂ ਜੀ ਪਾਸੋਂ ਜਿਹੜਾ ਵੀ ਸੌਦਾ ਲੈਣ ਆਉਂਦਾ ਉਸ ਨੂੰ ਘੱਟ ਦੀ ਥਾਂ ਵੱਧ ਹੀ ਤੋਲ ਕੇ ਦਿੰਦੇ। ਜਿਹੜਾ ਕਿਸਾਨ ਖੇਤੀ ਬਾੜੀ ਦਾ ਟੈਕਸ ਦੇਣ ਲਈ ਜਿਨਸ ਲੈ ਕੇ ਆਉਂਦਾ, ਉਸ ਪਾਸੋਂ ਵੱਧ ਲੈਣ ਦੀ ਕੋਈ ਕੋਸ਼ਿਸ਼ ਨਾ ਕਰਦੇ। ਕੋਈ ਲੋੜਵੰਦ ਗ਼ਰੀਬ ਜਾਂ ਫ਼ਕੀਰ ਆਉਂਦਾ ਤਾਂ ਉਸਦੀ ਲੋੜ ਪੂਰੀ ਕਰ ਦਿੰਦੇ। ਇਸ ਤਰ੍ਹਾਂ ਦਾ ਵਿਹਾਰ ਕਰਦੇ ਹੋਏ ਵੀ ਹਰ ਮਹੀਨੇ ਹਿਸਾਬ ਕਰਨ ਪਿੱਛੋਂ, ਗੁਰੂ ਜੀ ਨੂੰ ਕੁਝ ਨਾ ਕੁਝ ਬਚ ਹੀ ਜਾਂਦਾ। ਹਰ ਕੋਈ ਮੋਦੀ ਖ਼ਾਨੇ ਆਉਣ ਵਾਲਾ ਖ਼ੁਸ਼ ਹੋ ਕੇ ਵਾਪਸ ਜਾਂਦਾ। ਸਭ ਤੋਂ ਵੱਧ ਨਵਾਬ ਦੌਲਤ ਖ਼ਾਨ, ਗੁਰੂ ਜੀ ਦੇ ਈਮਾਨਦਾਰੀ ਨਾਲ ਕੰਮ ਕਰਨ ਉੱਪਰ ਖ਼ੁਸ਼ ਸੀ। ਜਿਸ ਪਾਸ ਕਦੇ ਕਿਸੇ ਨੇ ਜਾ ਕੇ ਮੋਦੀ ਦੀ ਸ਼ਿਕਾਇਤ ਨਹੀਂ ਕੀਤੀ ਸੀ, ਜਿਵੇਂ ਕਿ ਪਹਿਲੇ ਮੋਦੀਆਂ ਦੇ ਘੱਟ ਵੱਧ ਤੋਲਣ ਦੀ ਅਤੇ ਹੋਰ ਹੇਰਾ ਫੇਰੀ ਦੀ ਹੁੰਦੀ ਸੀ।

ਗੁਰੂ ਜੀ ਨੂੰ ਜਦੋਂ ਕਿਸੇ ਨੇ ਪੁੱਛਿਆ, "ਨਾਨਕ, ਅਸੀਂ ਤੈਨੂੰ ਮੋਦੀ ਖ਼ਾਨੇ ਵਿੱਚੋਂ ਗ਼ਰੀਬਾਂ ਦੀਆਂ ਝੋਲੀਆਂ ਭਰਦੇ ਦੇਖਦੇ ਹਾਂ, ਫਿਰ ਵੀ ਮੋਦੀ ਖ਼ਾਨੇ ਨੂੰ ਘਾਟਾ ਕਿਉਂ ਨਹੀਂ ਪੈਂਦਾ ?" ਅੱਗੋਂ ਗੁਰੂ ਜੀ ਉੱਤਰ ਦਿੰਦੇ, "ਮੈਨੂੰ ਇਹ ਮੋਦੀ ਦਾ ਕੰਮ ਉਸ ਮਾਲਕ ਨੇ ਦਿੱਤਾ ਹੈ ਜਿਸ ਨੇ ਇਹ ਗ਼ਰੀਬ ਪੈਦਾ ਕੀਤੇ ਹਨ। ਮੈਂ ਇਹ ਉਸਦਾ ਕੰਮ ਸਮਝ ਕੇ ਨਿਭਾਉਂਦਾ ਹਾਂ, ਫਿਰ ਘਾਟਾ ਕਿਵੇਂ ਪੈ ਸਕਦਾ ਹੈ।"